# ਦਿਲ ਕਰਦਾ ਗੁਫ਼ਾ ਦੇ ਵੱਲ ਜਾਵਾਂ ਉੱਡ ਜਾਵਾਂ ਮੋਰ ਬਣਕੇ

ਮੋਰ ਬਣਕੇ
=========
ਦਿਲ ਕਰਦਾ ਗੁਫ਼ਾ ਦੇ ਵੱਲ ਜਾਵਾਂ,
ਉੱਡ ਜਾਵਾਂ ਮੋਰ ਬਣਕੇ ॥
ਮੋਰ ਬਣਕੇ, ਮੋਰ ਬਣਕੇ ।
ਜਾ ਕੇ, ਗੁਫ਼ਾ ਉੱਤੇ...ਜੈ ਹੋ... ਰੋਟ ਚੜ੍ਹਾਵਾਂ,
ਉੱਡ ਜਾਵਾਂ, ਮੋਰ ਬਣਕੇ...
ਦਿਲ ਕਰਦਾ, ਗੁਫ਼ਾ ਦੇ...

ਨੱਚ ਨੱਚ ਉੱਡ ਸ਼ਾਹ ਤਲਾਈਆਂ ਜਾਵਾਂ ।
ਰਤਨੋ ਦੇ ਮੰਦਿਰਾਂ ਦੇ ਦਰਸ਼ਨ ਪਾਵਾਂ ॥
ਘਰ ਰਤਨੋ ਦਾ ਸਭ ਨੂੰ ਦਿਖਾਵਾਂ,
ਉੱਡ ਜਾਵਾਂ, ਮੋਰ ਬਣਕੇ...
ਦਿਲ ਕਰਦਾ, ਗੁਫ਼ਾ ਦੇ ਵੱਲ ਜਾਵਾਂ,
ਉੱਡ ਜਾਵਾਂ, ਮੋਰ ਬਣਕੇ ।
ਮੋਰ ਬਣਕੇ, ਮੋਰ ਬਣਕੇ ।
ਮੈਂ ਤਾਂ, ਬਾਬਾ ਜੀ ਦਾ...ਜੈ ਹੋ... ਦਰਸ਼ਨ ਪਾਵਾਂ,
ਉੱਡ ਜਾਵਾਂ, ਮੋਰ ਬਣਕੇ...
ਦਿਲ ਕਰਦਾ, ਗੁਫ਼ਾ ਦੇ...

ਨੱਚ ਨੱਚ ਉੱਡ ਮੈਂ ਗਰੂਣਾ ਝਾੜੀ ਜਾਵਾਂ ।
ਮੰਦਿਰ ਮੋਹਰੇ ਬੈਠ ਕੇ ਮੈਂ ਭੇਟਾਂ ਗਾਵਾਂ ॥
ਮੌਲੀ ਬੰਨ੍ਹ ਕੇ, ਗਰੂਨੇ ਨਾਲ ਆਵਾਂ,
ਉੱਡ ਜਾਵਾਂ, ਮੋਰ ਬਣਕੇ...
ਦਿਲ ਕਰਦਾ, ਗੁਫ਼ਾ ਦੇ ਵੱਲ ਜਾਵਾਂ,
ਉੱਡ ਜਾਵਾਂ, ਮੋਰ ਬਣਕੇ ।
ਮੋਰ ਬਣਕੇ, ਮੋਰ ਬਣਕੇ ।
ਓਹਦੇ, ਧੂਣੇ ਦੀ...ਜੈ ਹੋ... ਭਬੂਤੀ ਮੱਥੇ ਲਾਵਾਂ,
ਉੱਡ ਜਾਵਾਂ, ਮੋਰ ਬਣਕੇ...
ਦਿਲ ਕਰਦਾ, ਗੁਫ਼ਾ ਦੇ...

ਨੱਚ ਨੱਚ ਉੱਡ ਓਹਦੀ ਗੁਫ਼ਾ ਮੋਹਰੇ ਬਹਿ ਜਾਵਾਂ ।
ਦਿਲ ਦੀਆਂ ਗੱਲਾਂ ਇੱਕ ਸਾਹ ਦੇ ਨਾਲ ਕਹਿ ਜਾਵਾਂ ॥
ਸੋਹਣੀ ਕਹਿੰਦਾ ਓਹਨੂੰ, ਕਦੇ ਨਾ ਭੁਲਾਵਾਂ,
ਉੱਡ ਜਾਵਾਂ, ਮੋਰ ਬਣਕੇ...
ਦਿਲ ਕਰਦਾ, ਗੁਫ਼ਾ ਦੇ ਵੱਲ ਜਾਵਾਂ,
ਉੱਡ ਜਾਵਾਂ, ਮੋਰ ਬਣਕੇ ।
ਮੋਰ ਬਣਕੇ, ਮੋਰ ਬਣਕੇ ।
ਓਹਦੇ, ਚਰਨਾਂ ਚ...ਜੈ ਹੋ... ਜਿੰਦਗੀ ਬਿਤਾਵਾਂ,
ਉੱਡ ਜਾਵਾਂ, ਮੋਰ ਬਣਕੇ...
ਦਿਲ ਕਰਦਾ, ਗੁਫ਼ਾ ਦੇ...

**ਅਪਲੋਡਰ- ਅਨਿਲਰਾਮੂਰਤੀਭੋਪਾਲ**

https://bhajanganga.com/bhajan/lyrics/id/33342/title/dil-karda-gufa-de-wal-javan-udd-javan-udd-javan-mor-ban-ke

अपने Android मोबाइल पर BhajanGanga App डाउनलोड करें और भजनों का आनंद ले |